# ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ

## ਰਾਜ ਸਿਹਤ ਅਤੇ ਪਰਿਵਾਰ ਭਲਾਈ ਸੰਸਥਾ,

ਫੇਜ਼ 6, ਨੇੜੇ ਸਿਵਲ ਹਸਪਤਾਲ, ਮੋਹਾਲੀ ।

ਫੋਨ :- 0172-2262938,2263938. ਫੋਨ ਅਤੇ ਫੈਕਸ 0172- 2266938

Visit us at : punjabhealth.co.in : E-mail: phschd@yahoo.com

### ਦਫਤਰੀ ਹੁਕਮ

**ਨਿਮਨਹਸਪਤਾਖਰ ਦੇ** ਧਿਆਨ ਵਿੱਚ ਆਇਆ ਹੈ ਕਿ ਰਾਜ ਦੇ ਹਸਪਤਾਲਾਂ ਵਿੱਚ ਪ੍ਰਾਪਤ ਹੋਣ ਵਾਲੀ ਯੂਜਰ ਚਾਰਜਿਜ਼ ਦੀ ਰਕਮ **ਸਬੰਧਤ ਕਰਮਚਾਰੀ ਵੱਲੋਂ** ਹਸਪਤਾਲਾਂ **ਦੇ** ਯੂਜਰ ਚਾਰਜਿਜ **ਦੇ ਬੈਂਕ ਖਾਤਿਆਂ ਵਿੱਚ ਰੋਜਾਨਾ ਜਮਾਂ ਨਹੀਂ ਕਰਵਾਈ ਜਾ ਰਹੀ ਜਾਂ** ਘੱਟ ਜਮਾਂ ਕਰਵਾਈ ਜਾ ਰਹੀ ਹੈ, ਜਿਸ ਕਾਰਨ ਰਾਜ ਸਰਕਾਰ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ। ਇਹ ਬੜਾ ਹੀ ਗੰਭੀਰ ਮਾਮਲਾ ਹੈ। ਇਸ ਲਈ ਸਮੂਹ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ **ਅਧੀਨ** ਆਉਦੇ ਜਿਲਾ ਹਸਪਤਾਲ/ਸਬ ਡਵੀਜਨ ਹਸਪਤਾਲਾਂ **ਵੱਲੋਂ** ਯੂਜਰ ਜਾਰਜਿਜ਼ **ਦੀ ਰਸੀਟ ਦਾ** ਵਿੱਤੀ ਸਾਲ 2012-13 **ਅਤੇ** 2013-14 ਦਾ ਆਡਿਟ ਕਰਵਾਉਣ, ਤਾਂ ਜੋ ਇਹ ਪਤਾ ਲਗ ਸਕੇ ਕਿ ਹਸਪਤਾਲਾਂ ਵਲੋ ਯੂਜਰ ਚਾਰਜਿਜ **ਤੋਂ ਪ੍ਰਾਪਤ ਹੋਣ ਵਾਲੀ** ਰਸੀਟ ਉਸੇ ਦਿਨ ਜਾਂ ਅਗਲੇ ਦਿਨ ਸਬੰਧਤ ਯੂਜਰ ਚਾਰਜਿਜ ਦੇ ਬੈਕ ਖਾਤੇ ਵਿੱਚ ਜਮਾਂ ਕਰਵਾਈ ਜਾ ਰਹੀ ਹੈ ਜਾਂ ਨਹੀ। **ਇਸ ਲਈ ਹੇਠ ਲਿਖੇ ਅਨੁਸਾਰ** ਕਮੇਟੀ **ਦਾ** ਗਠਨ ਕੀਤਾ ਗਿਆ ਹੈ:-

1 ਸਬੰਧਤ ਸਿਵਲ ਸਰਜਨ ਵਿਖੇ ਤਾਇਨਾਤ ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)
2 ਸਬੰਧਤ ਲੇਖਾ ਅਫਸਰ ਐਨ.ਆਰ.ਐਚ.ਐਮ
3 ਸਬੰਧਤ ਲੇਖਾਕਾਰ ਦਫਤਰ ਡੀ.ਐਮ.ਸੀ

ਗਠਿਤ ਕਮੇਟੀਆਂ ਵੱਲੋਂ ਆਡਿਟ ਦਾ ਕੰਮ ਮਿਤੀ 31.12.14 ਤੱਕ ਪੂਰਾ ਕਰਕੇ ਆਡਿਟ ਰਿਪੋਰਟ ਇਸ ਦਫਤਰ ਨੂੰ ਅਤੇ ਸਿਵਲ ਸਰਜ਼ਨ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਮਿਤੀ 03.11.14

ਹੁਸਨਲਾਲ (ਆਈ.ਏ.ਐਸ)
ਪ੍ਰਬਧਕੀ ਨਿਰਦੇਸ਼ਕ ਕਮ
ਸਕੱਤਰ ਸਿਹਤ

ਪਿੱਠ ਅਕੰਣ ਨੰ:ਪੀ.ਐਚ.ਐਸ.ਸੀ/ਆਡਿਟ/ 2702-2919 ਮਿਤੀ 5/11/2014

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੁਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1 ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ ਨੂੰ ਸੂਚਨਾ ਹਿੱਤ।
2 ਸਕੱਤਰ, ਪ੍ਰਬੰਧਕੀ ਨਿਰਦੇਸ਼ਕ ਨੂੰ ਪ੍ਰਬੰਧਕੀ ਨਿਰਦੇਸ਼ਕ ਜੀ ਦੀ ਸੂਚਨਾ ਲਈ।
3 ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ ਨੂੰ ਸੂਚਨਾ ਹਿੱਤ।
4 ਸਮੂਹ ਸਿਵਲ ਸਰਜਨ/ ਸਮੂਹ ਡੀ.ਐਮ.ਸੀ, ਪੰਜਾਬ ਰਾਜ ਵਿੱਚ, ਨੂੰ ਦਰਖਾਸ਼ਤ ਕੀਤੀ ਜਾਂਦੀ ਹੈ ਕਿ ਉਹ ਅਪਣੇ ਅਧੀਨ ਆਂਉਦੇ ਉਪਰੋਕਤ ਗਠਿਤ ਕਮੇਟੀ ਦੇ ਅਧਿਕਾਰੀ/ ਕਰਮਚਾਰੀ ਨੂੰ ਕਮੇਟੀ ਬਾਰੇ ਧਿਆਨ ਦਵਾ ਕੇ ਸੂਚਿਤ ਕਰਨ।

ਡਾਇਰੈਕਟਰ (ਪੀ .ਐਫ.)